ੴ ਵਾਹਿਗੁਰੂ ਜੀ ਕੀ ਫਤਹ ॥

ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥

# ਬਾਬਾ ਸ਼ੇਖ ਫਰੀਦ 'ਸ਼ਕਰਗੰਜ'


ਪ੍ਰਕਾਸ਼ਕ

ਧਰਮ ਪ੍ਰਚਾਰ ਕਮੇਟੀ

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)

ਸ੍ਰੀ ਅੰਮ੍ਰਿਤਸਰ ।


ਭੇਟਾ ਰਹਿਤ

# ਬਾਬਾ ਸ਼ੇਖ ਫਰੀਦ 'ਸ਼ਕਰਗੰਜ'

ਬਾਬਾ ਸ਼ੇਖ ਫਰੀਦ ਸ਼ਕਰਗੰਜ ਦਾ ਜਨਮ ਸੰਨ ੧੧੭੩ ਜ਼ਿਲ੍ਹਾ ਮੁਲਤਾਨ ਦੇ ਪਿੰਡ ਖੋਤਵਾਲ ਵਿੱਚ ਹੋਇਆ ਸੀ । ਉਨ੍ਹਾਂ ਦੇ ਨਾਮ ਦੇ ਨਾਲ 'ਸ਼ਕਰਗੰਜ' ਦਾ ਲਕਬ ਉਨ੍ਹਾਂ ਦੇ ਮੁਰਸ਼ਦ ਖ੍ਵਾਜਾ ਕੁਤਬਦੀਨ ਬਖਤੀਆਰ ਕਾਕੀ ਨੇ ਜੋੜਿਆ ਸੀ ਅਤੇ ਉਨ੍ਹਾਂ ਬਾਰੇ ਕਿਹਾ ਸੀ: 'ਹਮਚੂੰ ਸ਼ਕਰ ਸ਼ੀਰੀ' ਖਾਹਦ ਸ਼ੁਦ' ਅਥਵਾ ਤੁਸੀਂ ਸ਼ਕਰ ਸਮਾਨ ਮਿਠਬੋਲੜੇ ਹੋਵੋਗੇ, ਜੋ ਗੱਲ ਸ਼ੇਖ ਫਰੀਦ ਦੀਆਂ ਰਚਨਾਵਾਂ ਤੋਂ ਸੱਚੀ ਸਾਬਤ ਹੁੰਦੀ ਹੈ। ਉਹ ਮਸ਼ਹੂਰ ਸੂਫੀ ਦਰਵੇਸ਼ ਸ਼ੇਖ ਨਿਜ਼ਾਮੁਦੀਨ ਦੇ ਮੁਰੀਦ (ਚੇਲੇ) ਸਨ, ਉਨ੍ਹਾਂ ਦੇ ਪਿਤਾ ਦਾ ਨਾਮ ਸ਼ੇਖ ਜਮਾਲੁਦੀਨ ਸੀ।

ਸ਼ੇਖ ਫਰੀਦ ਅਰਬੀ ਅਤੇ ਫਾਰਸੀ ਦੇ ਆਲਮ (ਵਿਦਵਾਨ) ਸਨ ਪਰ ਪੰਜਾਬੀ ਜਨਤਾ ਦੇ ਭਲੇ ਹਿਤ ਉਹਨਾਂ ਨੇ ਆਪਣੀ ਸਾਰੀ ਰਚਨਾ ਠੇਠ ਪੰਜਾਬੀ ਵਿੱਚ ਕੀਤੀ ਬਲਕਿ ਮੁਲਤਾਨੀ ਪੰਜਾਬੀ (ਜਿਥੋਂ ਦੇ ਉਹ ਜੰਮਪਾਲ ਸਨ) ਨੂੰ ਉਨ੍ਹਾਂ ਆਪਣੇ ਬਚਨਾਂ ਦੁਆਰਾ ਸ਼ਿੰਗਾਰਿਆ। ਉਨ੍ਹਾਂ ਦੀ ਸਮੁੱਚੀ ਰਚਨਾ ਪੰਜਾਬੀ ਜੀਵਨ ਅਤੇ ਵਾਤਾਵਰਨ ਦੀ ਮੂੰਹ-ਬੋਲਦੀ ਤਸਵੀਰ ਹੈ।

ਗੁਰੂ ਨਾਨਕ ਦੇਵ ਜੀ ਬਾਬਾ ਫਰੀਦ ਦੇ ਬਚਨਾਂ ਤੋਂ ਏਨੇ ਪ੍ਰਭਾਵਤ ਹੋਏ ਕਿ ਉਚੇਚੇ ਉਨ੍ਹਾਂ ਦੇ ਗੱਦੀ-ਨਸ਼ੀਨ ਨੂੰ ਮਿਲਣ ਵਾਸਤੇ ਆਪ ਪਾਕਪਟਨ ਗਏ । ਉਸ ਸਮੇਂ ਸ਼ੇਖ ਫਰੀਦ ਜੀ ਦੀ ਗੱਦੀ 'ਤੇ ਉਨ੍ਹਾਂ ਦੇ ਮੁਰੀਦ ਸ਼ੇਖ ਇਬਰਾਹੀਮ ਫਰੀਦ ਸਾਨੀ ਸ਼ਸ਼ੋਭਤ ਸਨ । ਗੁਰੂ ਜੀ ਨੇ ਉਨ੍ਹਾਂ ਪਾਸੋਂ ਬਾਬਾ ਫਰੀਦ ਜੀ ਦੀ ਰਚਨਾ-ਸ਼ਬਦ ਤੇ ਸਲੋਕ-ਪ੍ਰਾਪਤ ਕੀਤੇ ਜੋ ਪਿਛੋਂ ਆਦਿ ਸ੍ਰੀ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਦਰਜ ਕੀਤੇ ਅਤੇ ਇਸ ਤਰ੍ਹਾਂ ਫਰੀਦ ਜੀ ਦੀ ਰਚਨਾ ਨੂੰ ਸਿੱਖ ਸੰਸਾਰ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਕਾਂ ਵਾਸਤੇ ਹਮੇਸ਼ਾਂ ਲਈ ਅਮਰ ਕਰ ਦਿੱਤਾ । ਬਾਬਾ ਫਰੀਦ ਜੀ ਅਨੁਸਾਰ ਮਨੁੱਖ ਦਾ ਸਭ ਤੋਂ ਉੱਚਾ ਕਰਮ ਇਹ ਹੈ ਕਿ ਉਹ ਕਿਸੇ ਦੇ ਦਿਲ ਨੂੰ ਠੇਸ ਨਾ ਲਾਏ । ਆਪਣੇ ਸਲੋਕਾਂ ਵਿੱਚ ਉਨ੍ਹਾਂ ਲਿਖਿਆ ਹੈ:

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ॥

*(ਪੰਨਾ ੧੩੮੪)*

ਅਰਥਾਤ ਸਭ ਮਨੁੱਖਾਂ ਦੇ ਹਿਰਦੇ ਮਾਣਕ (ਮੋਤੀ) ਦੀ ਨਿਆਈਂ ਹਨ ਤਾਂ ਤੇ ਕਿਸੇ ਦੇ ਦਿਲ ਨੂੰ ਤੋੜਨਾ ਮੁਨਾਸਬ ਨਹੀਂ । ਇਸ ਲਈ ਜੇ ਤੇਰੇ ਅੰਦਰ ਪਿਆਰੇ ਪ੍ਰਭੂ ਨੂੰ ਮਿਲਣ ਦੀ ਸਿੱਕ ਹੈ ਤਾਂ ਕਿਸੇ ਦਾ ਦਿਲ ਨਾ ਦੁਖਾ । ਇਸ ਤੋਂ ਅੱਗੇ ਉਹ ਕਹਿੰਦੇ ਹਨ :

ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥ (ਪੰਨਾ ੧੩੮੪)

ਅਰਥਾਤ ਕਿਸੇ ਨਾਲ ਫਿੱਕਾ ਨਾ ਬੋਲ ਕਿਉਂਕਿ ਸਭ ਕਿਸੇ ਅੰਦਰ ਨਿਰੰਕਾਰ ਆਪ ਵੱਸਦਾ ਹੈ, ਸਾਰੇ ਹਿਰਦੇ ਕੀਮਤੀ ਮੋਤੀਆਂ ਦੀ ਨਿਆਈਂ ਹਨ ਇਸ ਲਈ ਕਿਸੇ ਦਾ ਦਿਲ ਨਾ ਢਾਹ । ਇਕ ਹੋਰ ਜਗ੍ਹਾ ਫਰੀਦ ਜੀ ਦਾ ਫੁਰਮਾਨ ਹੈ :

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ॥

*(ਪੰਨਾ ੧੩੭੮)*

ਅਰਥਾਤ ਜੇ ਤੂੰ ਸਿਆਣਾ ਤੇ ਸਮਝਦਾਰ ਹੈਂ ਤਾਂ ਕਿਸੇ ਬਾਰੇ ਮਾੜਾ ਸ਼ਬਦ ਨਾ ਬੋਲ, ਆਪਣੇ ਅੰਦਰ ਝਾਤੀ ਮਾਰ ਤੇ ਵੇਖ ਕਿ ਤੂੰ ਕਿੰਨਾ-ਕੁ ਚੰਗਾ ਹੈਂ ! ਸਗੋਂ ਆਪ ਏਥੋਂ ਤੱਕ ਕਹਿੰਦੇ ਹਨ :

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ॥
ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ॥

*(ਪੰਨਾ ੧੩੭੮)*

ਅਰਥਾਤ ਜੇ ਕੋਈ ਤੈਨੂੰ ਮਾਰਦਾ ਭੀ ਹੈ ਤਾਂ ਤੂੰ ਅੱਗੋਂ ਉਸ ਨੂੰ ਨਾ ਮਾਰ ਸਗੋਂ ਉਸ ਦੇ ਘਰ ਜਾ ਕੇ ਉਸ ਦੇ ਪੈਰ ਚੁੰਮ । ਬਲਕਿ ਪੈਰਾਂ ਹੇਠ ਆਈ ਮਿਟੀ ਨੂੰ ਵੀ ਮੰਦਾ ਬੋਲਣ ਤੋਂ ਸੰਕੋਚ ਕਰ ਕਿਉਂਕਿ ਇਹੋ ਮਿੱਟੀ ਜੋ ਅੱਜ ਤੇਰੇ ਪੈਰਾਂ ਹੇਠ ਹੈ ਮਰਨ ਪਿੱਛੋਂ ਇਸ ਨੇ ਤੇਰੇ ਉਪਰ ਪੈਣਾ ਹੈ ।

ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ॥
ਅਤੇ ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ॥ (ਪੰਨਾ ੧੩੭੮)
ਫਰੀਦਾ ਥੀਉ ਪਵਾਹੀ ਦਭੁ ॥ ਜੇ ਸਾਂਈ ਲੋੜਹਿ ਸਭੁ॥
ਇਕੁ ਛਿਜਹਿ ਬਿਆ ਲਤਾੜੀਅਹਿ॥
ਤਾਂ ਸਾਈ ਦੈ ਦਰਿ ਵਾੜੀਅਹਿ॥ (ਪੰਨਾ ੧੩੭੮)

ਜੇ ਤੂੰ ਸਾਈਂ ਨੂੰ ਮਿਲਣਾ ਚਾਹੁੰਦਾ ਹੈਂ ਤਾਂ ਰਸਤੇ ਉੱਗੀ ਦੱਭ ਵਾਂਗ ਨਿਰਮਾਣ ਹੋ ਜਾ । ਦੱਭ ਲੋਕਾਂ ਦੇ ਪੈਰਾਂ ਹੇਠ ਲਿਤਾੜੀ ਜਾਂਦੀ ਹੈ ਪਰ ਉਹ ਕੋਈ ਸ਼ਿਕਾਇਤ ਜਾਂ ਲਿਤਾੜਨ ਵਾਲੇ ਦਾ ਗਿਲਾ ਨਹੀਂ ਕਰਦੀ ਅਤੇ ਸਭ ਕੁਝ ਠੰਢੇ ਦਿਲ ਸਹਾਰਦੀ ਹੈ ।

ਫਰੀਦ ਜੀ ਮਨੁੱਖਾਂ ਵਿਚਾਲੇ ਈਰਖਾ ਹੋਣ ਨੂੰ ਬਹੁਤ ਮੰਦਾ ਕਰਮ ਸਮਝਦੇ ਹਨ। ਆਦਮੀ ਆਮ ਤੌਰ ’ਤੇ ਕਿਸੇ ਦੂਜੇ ਨੂੰ ਰੱਜ ਖਾਂਦਾ ਤੇ ਸੁਖੀ ਵਸਦਾ ਵੇਖ ਨਹੀਂ ਸਕਦਾ ਅਤੇ ਇਸ ’ਤੇ ਅਜਾਈਂ ਕੁੜ੍ਹਦੇ ਰਹਿੰਦੇ ਹਨ ਭਾਵੇਂ ਅਜੇਹਾ ਕਰ ਕੇ ਉਹ ਆਪਣੇ ਆਪ ਨੂੰ ਹੀ ਦੁਖੀ ਕਰਦੇ ਹਨ । ਫਰੀਦ ਜੀ ਇਸ ਪਰਥਾਏ ਹੀ ਕਹਿੰਦੇ ਹਨ : ਅਗਰ ਰੱਬ ਵੱਲੋਂ ਤੇਰੇ ਭਾਗਾਂ ਵਿਚ ਗਰੀਬੀ ਲਿਖੀ ਹੈ ਤਾਂ ਤੂੰ ਇਸ ਵਿੱਚ ਹੀ ਰਾਜ਼ੀ ਰਹੋ ਤੇ ਰੱਬ ਦਾ ਸ਼ੁਕਰ ਕਰ :

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥

*(ਪੰਨਾ ੧੩੭੯)*

ਫਰੀਦ ਜੀ ਇੰਜ ਭੀ ਕਹਿੰਦੇ ਹਨ :

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥
ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ॥

*(ਪੰਨਾ ੧੩੭੯)*

ਅਰਥਾਤ ਅਗਰ ਮੇਰੀ ਰੋਟੀ ਲੱਕੜ ਵਾਂਗ ਸੁੱਕੀ ਹੋਈ ਭੀ ਹੋਵੇ ਪਰ ਜੇ ਮੈਂ ਭੁੱਖ ਨੂੰ ਸਲੂਣਾ ਬਣਾ ਲਵਾਂ ਅਥਵਾ ਮੈਨੂੰ ਭੁੱਖ ਨੇ ਤੰਗ ਕੀਤਾ ਹੋਵੇ ਤਾਂ ਮੇਰੀ ਲੱਕੜ ਜੇਹੀ ਸੁੱਕੀ ਰੋਟੀ ਵੀ ਸਲੂਣੇ ਦੀ ਤਰ੍ਹਾਂ ਮੈਨੂੰ ਸੁਆਦਲੀ ਲਗੇਗੀ। ਇਸ ਦੇ ਉਲਟ ਜੇ ਅੰਦਰ ਭੁੱਖ ਨਹੀਂ ਤਾਂ ਚੋਪੜੀ ਰੋਟੀ ਅਥਵਾ ਘਿਉ ਵਿੱਚ ਤਲੀ ਹੋਈ ਰੋਟੀ ਵੀ ਖਾਣ ਵਾਲੇ ਵਾਸਤੇ ਦੁਖਦਾਈ ਹੋਵੇਗੀ। ਭੁੱਖੇ ਵਾਸਤੇ ਲੱਕੜ ਜੇਹੀ ਸਖਤ ਰੋਟੀ ਵੀ ਬਿਨਾਂ ਭੁੱਖ ਤੋਂ ਖਾਧੇ ਮਾਹਲ ਪੂੜਿਆਂ ਨਾਲੋਂ ਚੰਗੀ ਹੈ।

ਬਾਬਾ ਫਰੀਦ ਜੀ ਦੇ ਚਾਰ ਸ਼ਬਦ ਅਤੇ ਇਕ ਸੌ ਤੀਹ ਸਲੋਕ ਜੋ ਉਨ੍ਹਾਂ ਦੇ ਗੱਦੀ ਨਸ਼ੀਨ ਸ਼ੇਖ ਇਬਰਾਹੀਮ ਫਰੀਦ ਪਾਸੋਂ ਗੁਰੂ ਨਾਨਕ ਦੇਵ ਜੀ ਨੂੰ ਅਯੋਧਨ (ਜਿਸ ਨੂੰ ਹੁਣ ਪਾਕਪਟਨ ਕਰਕੇ ਜਾਣਿਆ ਜਾਂਦਾ ਹੈ) ਜਾਣ ਸਮੇਂ ਮਿਲੇ ਸਨ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਗੁਰੂ ਅਰਜਨ ਦੇਵ ਜੀ ਨੇ ਇਹ ਬਾਣੀ ਗੁਰੂ ਗ੍ਰੰਥ ਸਾਹਿਬ ਅੰਦਰ ਦਰਜ ਕਰ ਲਏ ਸਨ।

ਇਹ ਰਚਨਾ ਠੇਠ ਮੁਲਤਾਨੀ ਪੰਜਾਬੀ ਕਵਿਤਾ ਵਿੱਚ ਹੈ ਜਿਸ ਨੂੰ ਹਰ ਪੰਜਾਬੀ ਸਹਿਜੇ ਹੀ ਸਮਝ ਸਕਦਾ ਹੈ।

ਸ਼ੇਖ ਫਰੀਦ ਜੀ ਭਾਵੇਂ ਜਨਮ ਕਰਕੇ ਮੁਸਲਮਾਨ ਸਨ ਅਤੇ ਉਨ੍ਹਾਂ ਦੀ ਸਾਰੀ ਰਚਨਾ ਅੰਦਰ ਮੁਸਲਮਾਨੀ ਰਸਮਾਂ-ਰੀਤਾਂ ਦੇ ਹਵਾਲੇ ਯਥਾ ਨਮਾਜ਼ਾਂ ਦੀ ਅਦਾਇਗੀ, ਮਸੀਤ ਅੰਦਰ ਮੁਸਲਮਾਨੀ ਸ਼ਰਹ ਅਨੁਸਾਰ ਹਾਜ਼ਰ ਹੋ ਕੇ ਨਮਾਜ਼ ਵਿਚ ਸ਼ਾਮਲ ਹੋਣਾ ਅਤੇ ਕਾਇਦੇ ਅਨੁਸਾਰ ਸਿਜਦੇ ਕਰਨੇ ਦਰਜ਼ ਹਨ ਅਤੇ ਪ੍ਰਵਾਣਤ ਰਸਮਾਂ-ਰੀਤਾਂ ਨੂੰ ਵਡਿਆਈ ਪ੍ਰਾਪਤ ਹੈ ਪਰ ਹਰ ਰਸਮ ਤਾਂ ਹੀ ਪ੍ਰਵਾਣ ਚੜ੍ਹਦੀ ਮੰਨੀ ਜਾਂਦੀ ਹੈ ਜੇ ਇਨ੍ਹਾਂ ਅੰਦਰ ਖੁਦਾਵੰਦ ਕਰੀਮ ਨਾਲ ਸੱਚੇ ਪਿਆਰ ਤੇ ਇਸ਼ਕ ਦਾ ਜਜ਼ਬਾ ਕਾਇਮ ਹੈ। ਜੇ ਇਹ ਨਹੀਂ ਤਾਂ ਸਭ ਕੁਝ ਮਹਿਜ ਵਿਖਾਵਾ ਹੈ ਤੇ ਇਉਂ ਕਰਨ ਨਾਲ ਉਹ ਰੱਬ ਦੀ ਹਜੂਰੀ ਵਿੱਚ ਪ੍ਰਵਾਣ ਨਹੀਂ ਚੜ੍ਹ ਸਕਦੇ। ਆਪ ਕਹਿੰਦੇ ਹਨ :

ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ॥
ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥ ॥੧॥
ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ॥
ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ॥

*(ਪੰਨਾ ੪੮੮)*

ਅਤੇ ਜੋ ਅੰਦਰੋਂ ਖੋਟੇ ਅਤੇ ਪਿਆਰ ਵਿਹੂਣੇ ਅਥਵਾ ਅੰਦਰੋਂ ਹੋਰ ਹਨ ਅਤੇ ਬਾਹਰ ਤੋਂ ਦਿਸਦੇ ਹੋਰ ਹਨ। ਉਨ੍ਹਾਂ ਦੀ ਬਾਹਰੀ ਚਮਕ-ਦਮਕ ਤੇ ਵਿਖਾਵਾ ਕਿਸੇ ਕੰਮ ਨਹੀਂ ਉਹ ਤਾਂ:

ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ॥ (ਪੰਨਾ ੧੩੮੦)

ਦੇ ਸਮਾਨ ਹੈ-ਪਿਆਰ ਵਿੰਨ੍ਹੇ ਹਿਰਦੇ ਦੀ ਮਿਸਾਲ ਕਾਲੀ ਕੋਇਲ ਦਾ ਚਿੱਤਰ ਪੇਸ਼ ਕਰ ਕੇ ਦੇਂਦੇ ਹਨ ।

ਕੋਇਲ ਨੂੰ ਪੁੱਛਦੇ ਹਨ ਕਿ ਤੇਰੇ ਬੋਲ ਬੜੇ ਮਿੱਠੇ ਅਤੇ ਸੁਣਨ ਵਾਲੇ ਦਾ ਹਿਰਦਾ ਵਿੰਨ੍ਹ ਲੈਣ ਦੇ ਸਮਰੱਥ ਹਨ ਪਰ ਤੂੰ ਵੇਖਣ ਨੂੰ ਸ਼ਾਹ ਕਾਲੀ ਹੈਂ ਇਸ ਦਾ ਕੀ ਕਾਰਨ ਹੈ? ਉਹ ਕਹਿੰਦੀ ਹੈ 'ਮੇਰਾ ਮੁਖ ਭੀ ਏਨਾ ਸੋਹਣਾ ਸੀ ਜਿੰਨੇ ਮੇਰੇ ਬੋਲ ਮਿਠੇ ਹਨ ਪਰ ਪਿਆਰੇ ਦੇ ਵਿਛੋੜੇ ਵਿਚ ਧੁਖ-ਧੁਖ ਕੇ ਮੈਂ ਕਾਲੀ ਹੋ ਗਈ ਹਾਂ।

ਕਾਲੀ ਕੋਇਲ ਤੂ ਕਿਤ ਗੁਨ ਕਾਲੀ॥

ਅਤੇ ਇਸ ਦਾ ਉੱਤਰ ਕੋਇਲ ਦੀ ਜ਼ਬਾਨੀ ਦੇਂਦੇ ਹਨ :

ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ॥<br>ਪਿਰਹਿ ਬਿਹੂਨ ਕਤਹਿ ਸੁਖੁ ਪਾਏ॥

*(ਪੰਨਾ ੭੯੪)*

ਅਤੇ ਜੋ ਹਿਰਦਾ ਪਿਆਰੇ ਪ੍ਰੀਤਮ ਦੇ ਵਿਛੋੜੇ ਦੀ ਤੜਪ ਵਿਹੂਣਾ ਹੈ । ਜੋ ਵਿਛੜ ਕੇ ਵਿਆਕਲ ਨਹੀਂ ਹੁੰਦਾ ਉਸ ਬਾਰੇ ਕਹਿੰਦੇ ਹਨ :

ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ<br>ਸੋ ਤਨੁ ਜਾਣੁ ਮਸਾਨੁ॥

*(ਪੰਨਾ ੧੩੭੯)*

ਸ਼ਮਸਾਨ ਭੂਮੀ ਜਿਥੇ ਮਰੇ ਹੋਏ ਸਰੀਰ ਦਾ ਦਾਹ ਕੀਤਾ ਜਾਂਦਾ ਹੈ, ਦਾ ਖਿਆਲ ਅਤੇ ਇਸ ਦੀ ਯਾਦ ਹੀ ਹਿਰਦੇ ਨੂੰ ਭੈ-ਭੀਤ ਕਰ ਦੇਂਦੇ ਹਨ, ਇਉਂ ਹੀ ਵਿਛੋੜੇ ਅੰਦਰ ਤੜਪਿਆਂ ਹਿਰਦਾ ਆਪਣੇ ਆਪ ਵਿਚ ਵਿਆਕੁਲ ਹੋਇਆ ਰਹਿੰਦਾ ਹੈ । ਉਸ ਨੂੰ ਇਸ ਗੱਲ ਦਾ ਭੈ ਕਿ ਭਾਵੇਂ ਪਿਆਰੇ ਦਾ ਮੇਲ ਹੋਵੇ ਹੀ ਨਾ, ਸਦੀਵ ਤੜਪਾਉਂਦਾ ਰਹਿੰਦਾ ਹੈ। ਦਿਨ-ਬ-ਦਿਨ ਢਲਦੀ ਉਮਰ ਅਤੇ ਇਸ ਦੇ ਨਾਲ ਹੀ ਕਮਜ਼ੋਰੀ ਫੜਦੇ ਜਾ ਰਹੇ ਸਰੀਰਕ ਅੰਗ ਅੱਖੀਆਂ ਤੇ ਕੰਨ ਆਦਿ-ਫਰੀਦ ਜੀ ਨੂੰ ਚਿੰਤਾਤੁਰ ਵੀ ਕਰਦੇ ਹਨ:

ਫਰੀਦਾ ਅਖੀ ਦੇਖਿ ਪਤੀਣੀਆਂ ਸੁਣਿ ਸੁਣਿ ਰੀਣੇ ਕੰਨ॥<br>ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ॥

*(ਪੰਨਾ ੧੩੭੮)*

ਅਤੇ ਇਹ ਦਸ਼ਾ ਆਪ ਨੂੰ ਇਉਂ ਕਹਿਣ ਲਈ ਮਜ਼ਬੂਰ ਕਰਦੀ ਹੈ :

ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ॥<br>ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ॥

*(ਪੰਨਾ ੧੩੮੧)*

ਅਤੇ ਇਸ ਦੇ ਨਾਲ ਹੀ ਇਹ ਚਿਤਾਉਣੀ ਭੀ ਫਰੀਦ ਜੀ ਦੇ ਹਿਰਦੇ ਨੂੰ ਠਕੋਰਦੀ ਹੈ:

ਚਲਿ ਚਲਿ ਗਈਆਂ ਪੰਖੀਆਂ ਜਿਨ੍ਹੀ ਵਸਾਏ ਤਲ॥<br>ਫਰੀਦਾ ਸਰੁ ਭਰਿਆ ਭੀ ਚਲਸੀ ਥਕੇ ਕਵਲ ਇਕਲ॥

*(ਪੰਨਾ ੧੩੮੧)*

ਇਹ ਖਿਆਲ ਆਪ ਨੂੰ ਦੁਨੀਆਵੀ ਮਾਲ-ਮਿਲਖ ਵੱਲੋਂ ਉਪਰਾਮ ਹੋ ਵਿਚਰਨ ਦੀ ਸੇਧ ਵੀ ਦੇਂਦਾ ਹੈ :

ਫਰੀਦਾ ਮੰਡਪ ਮਾਲੁ ਨ ਲਾਇ ਮਰਗ ਸਤਾਣੀ ਚਿਤਿ ਧਰਿ॥
ਸਾਈ ਜਾਇ ਸਮ੍ਹਾਲਿ ਜਿਥੈ ਹੀ ਤਉ ਵੰਞਣਾ॥

*(ਪੰਨਾ ੧੩੮੦)*

ਇਸ ਲਈ ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ॥
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ॥

*(ਪੰਨਾ ੧੩੮੧)*

ਤਾਂ ਫਿਰ ਆਪਣੇ ਆਪ ਨੂੰ ਸੰਬੋਧਨ ਕਰਦੇ ਹੋਏ ਕਹਿੰਦੇ ਹਨ :

ਫਰੀਦਾ ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ॥
ਅਗੈ ਮੂਲਿ ਨ ਆਵਸੀ ਦੋਜਕ ਸੰਦੀ ਭਾਹਿ॥

ਅਤੇ

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥

*(ਪੰਨਾ ੧੩੮੧)*

ਪਰ ਬਾਬਾ ਫਰੀਦ ਜੀ ਨਿਰਾ ਲੋਕ ਵਰਤਾਰਾ ਚੰਗਾ ਬਣਾ ਲੈਣ ਨੂੰ ਮਨੁੱਖ ਲਈ ਆਖਰੀ ਗੱਲ ਨਹੀਂ ਸਮਝਦੇ। ਭਾਵੇਂ ਉਨ੍ਹਾਂ ਦੇ ਖਿਆਲ ਵਿਚ :

ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ॥ (ਪੰਨਾ ੧੩੮੩)

ਵੀ ਇਕ ਅਟੱਲ ਸਚਾਈ ਹੈ ਪਰ ਫਰੀਦ ਦਾ ਰੱਬ ਨਿਰਾ ਇਸ ਗੱਲ 'ਤੇ ਨਹੀਂ ਰੀਝਦਾ' ਉਨ੍ਹਾਂ ਦਾ ਰਬ ਤਾਂ ਉਨ੍ਹਾਂ ਨੂੰ ਕਹਿੰਦਾ ਹੈ :

ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ॥

ਪਰ

ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥

*(ਪੰਨਾ ੧੩੮੨)*

ਸੰਸਾਰ ਦੀ ਰੀਤ ਵੀ ਇਹੋ ਹੈ ਕਿ ਜੇ ਕਿਸੇ ਦੇ ਬਣ ਕੇ ਰਹੀਏ ਅਤੇ ਉਸ ਦਾ ਪੱਲਾ ਕਦੇ ਵੀ ਨਾ ਛਡੀਏ ਤਾਂ ਉਸ ਨੂੰ ਪੱਲਾ ਫੜੇ ਦੀ ਲਾਜ ਹੁੰਦੀ ਹੈ ਅਤੇ ਪੱਲਾ ਫੜਨ ਵਾਲੇ ਦੇ ਕੰਮ ਫਿਰ ਸੁਤੇ ਸਿਧ ਹੀ ਹੁੰਦੇ ਜਾਂਦੇ ਹਨ। ਇਉਂ ਹੀ ਰੱਬ ਨੂੰ ਵੀ ਪੱਲਾ ਫੜਾਏ ਦੀ ਲਾਜ ਮਾਰਦੀ ਹੋਣ ਕਰਕੇ ਰੱਬ ਨੂੰ ਪੱਲਾ ਫੜਨ ਵਾਲੇ ਦੇ ਕੰਮ ਕਰਨੇ ਪੈਂਦੇ ਹਨ।

ਇਸ ਅਨੁਸਾਰ ਜੋ ਸ਼ਖਸ਼ ਨਿਰਾਧਾਰ ਆਪਣੇ ਆਪ ਨੂੰ ਅਲਹ ਦੀ ਮਰਜ਼ੀ 'ਤੇ ਸੁੱਟ ਦੇਂਦਾ ਅਥਵਾ ਉਸ ਦੀ ਵਰਤਾਈ ਹਰ ਗੱਲ (ਉਸ ਦੀ ਰਜ਼ਾ) 'ਤੇ ਹਮੇਸ਼ਾਂ ਰਾਜ਼ੀ ਰਹਿੰਦਾ ਹੈ ਉਸ ਦੇ ਕਾਰਜ ਸਵਾਰਨ ਦੀ ਅਲਹ ਨੂੰ ਸ਼ਰਮ ਹੁੰਦੀ ਹੈ-ਇਹੋ ਗੱਲ ਗੁਰੂ ਨਾਨਕ ਦੇਵ ਜੀ ਨੇ ਇਉਂ ਕਹੀ ਸੀ :

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ (ਪੰਨਾ ੧)

ਐਸਾ ਮਨੁੱਖ ਫਿਰ ਹਰ ਵਰਤੀ ਗੱਲ ਨੂੰ 'ਜੋ ਵਰਤਾਇ ਸਾਈ ਜੁਗਤਿ' ਕਹਿ

ਕੇ ਸਵੀਕਾਰ ਕਰਦਾ ਹੈ ਇਸ ਪਰਥਾਏ ਹੀ ਫਰੀਦ ਜੀ ਨੇ ਕਿਹਾ ਸੀ :

ਅਲਹ ਭਾਵੈ ਸੋ ਭਲਾ ਤਾਂ ਲਭੀ ਦਰਬਾਰੁ ॥ (ਪੰਨਾ ੧੩੮੩)

ਇਸ ਦੇ ਉਲਟ ਜੋ ਅਲਹ ਦੇ ਵਰਤਾਏ ਹੁਕਮ ਨੂੰ ਖੁਸ਼ੀ-ਖੁਸ਼ੀ ਨਹੀਂ ਮੰਨਦੇ ਅਥਵਾ ਇਸ ਦੇ ਹੁਕਮ ਮੂਹਰੇ ਸਿਰ ਨਹੀਂ ਝੁਕਾਉਂਦੇ, ਉਨ੍ਹਾਂ ਬਾਰੇ ਫਰੀਦ ਜੀ ਕਹਿੰਦੇ ਹਨ :

ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ॥
ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ॥

*(ਪੰਨਾ ੧੩੮੧)*

ਅਰਥਾਤ ਜੋ ਸਿਰ ਸਾਈਂ (ਅਲਹ) ਅੱਗੇ ਨਹੀਂ ਨੀਉਂਦਾ ਉਸ ਨੂੰ ਚੁਲ੍ਹੇ ਅੰਦਰ ਜਲਾ ਦਿਓ ਪਰ ਸਾਈਂ ਮੂਹਰੇ ਨੀਵੇਂ ਹੋ ਕੇ ਵਿਚਰਨ ਦੀ ਜੁਗਤ ਫਰੀਦ ਜੀ ਨੇ ਬੜੇ ਸ਼ਪਸਟ ਸ਼ਬਦਾਂ ਵਿੱਚ ਇਉਂ ਦੱਸੀ ਹੈ :

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥

*(ਪੰਨਾ ੧੩੮੪)*

ਅਰਥਾਤ ਨਿਉਂ ਕੇ ਰਹਿਣਾ, ਖਿਮਾ ਵਾਲਾ ਸੁਭਾਉ ਹੋਣਾ ਅਥਵਾ ਅਣਭਾਉਂਦੀ ਗੱਲ ਸੁਣਦੇ ਹੋਏ ਵੀ ਦਰ ਗੁਜ਼ਰ (ਖਿਮਾ ਕਰਨ) ਦਾ ਸੁਭਾਉ ਰੱਖਣਾ ਅਤੇ ਜਿਹਬਾ (ਜ਼ਬਾਨ) ਤੋਂ ਹਮੇਸ਼ਾਂ ਮਿੱਠਾ ਬੋਲ ਬੋਲਣਾ। ਇਹ ਤਿੰਨ ਗੱਲਾਂ ਕਰਨ ਵਾਲੀ ਇਸਤਰੀ ਹਮੇਸ਼ਾਂ ਆਪਣੇ ਪਤੀ ਪਿਆਰੇ ਦੀ ਖੁਸ਼ੀ ਮਾਣੇਗੀ। ਇਸ ਵਿਚਾਰ ਨੂੰ ਫਰੀਦ ਜੀ ਨੇ ਇਉਂ ਵੀ ਪ੍ਰਗਟਾਇਆ ਹੈ :

ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥

ਅਰਥਾਤ ਕਿਸੇ ਨਾਲ ਫਿਕਾ ਨਾ ਬੋਲੋ ਕਿਉਂਕਿ ਜਿਸ ਨਾਲ ਭੀ ਤੁਸੀਂ ਗੱਲ ਕਰਦੇ ਹੋ, ਉਸ ਦੇ ਅੰਦਰ ਰੱਬੀ ਜੋਤਿ ਪ੍ਰਕਾਸ਼ਮਾਨ ਹੈ ਅਤੇ ਉਸ ਨਾਲ ਬੋਲਿਆ ਫਿੱਕਾ ਬਚਨ ਰੱਬ ਦੀ ਨਿਰਾਦਰੀ ਹੈ।

ਇਕ ਹੋਰ ਵਿਸ਼ੇਸ ਗੱਲ ਜਿਸ ਦੀ ਫਰੀਦ ਜੀ ਮਨੁੱਖ ਮਾਤਰ ਨੂੰ ਨਿਤਾਪ੍ਰਤੀ ਜੀਵਨ ਅੰਦਰ ਅਪਨਾਉਣ ਦੀ ਵਾਰ-ਵਾਰ ਤਾਕੀਦ ਕਰਦੇ ਹਨ ਉਹ ਪਿਛਲੀ ਰਾਤ ਅਥਵਾ ਅੰਮ੍ਰਿਤ ਵੇਲੇ ਜਾਗ ਕੇ ਆਪਣੇ ਮਾਲਕ ਅਲਹ ਦੀ ਯਾਦ ਅੰਦਰ ਜੁੜ ਬੈਠਣ ਦੀ ਹੈ, ਉਹ ਸਪਸ਼ਟ ਦਸਦੇ ਹਨ ਕਿ ਨੀਂਦ ਨਾਲ ਪਿਆਰ ਰੱਖਣ ਵਾਲਾ ਮਨੁੱਖ ਰੱਬ ਦੀ ਨੇੜਤਾ ਹਾਸਲ ਨਹੀਂ ਕਰ ਸਕਦਾ। ਆਪ ਦੇ ਫ਼ੁਰਮਾਣ ਇਉਂ ਹਨ :

ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ॥

*(ਪੰਨਾ ੧੩੮੩)*

*ਉਹਨਾਂ ਇਉਂ ਵੀ ਕਿਹਾ ਹੈ :*

ਜੋ ਜਾਗੰਨ੍ਹਿ ਲਹੰਨਿ ਸੇ ਸਾਈ ਕੰਨੋ ਦਾਤਿ॥ (ਪੰਨਾ ੧੩੮੪)
ਜਿੰਨ੍ਹਾ ਨੈਣ ਨੀਂਦ੍ਰਾਵਲੇ ਤਿੰਨ੍ਹਾ ਮਿਲਣੁ ਕੁਆਉ॥ (ਪੰਨਾ ੧੩੮੨)

ਗੁਰੂ ਨਾਨਕ ਦੇਵ ਜੀ ਨੇ ਇਹੋ ਵਿਚਾਰ ਇਉਂ ਪ੍ਰਗਟਾਇ ਹਨ :

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥ (ਪੰਨਾ ੨)

ਅਤੇ

ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥ (ਪੰਨਾ ੧੪੬)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਸੂਹੀ ਅੰਦਰ ਦਰਜ ਬਾਬਾ ਫਰੀਦ ਜੀ ਦੇ ਹਿਰਦੇ ਦੀ ਨਿਰਾਸਤਾ ਦਰਸਾਉਂਦਾ ਇਕ ਸ਼ਬਦ :

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ॥

*(ਪੰਨਾ ੭੯੪)*

ਜਿਸ ਵਿਚ ਇਸ ਗੱਲ 'ਤੇ ਅਫਸੋਸ ਅਤੇ ਚਿੰਤਾ ਪ੍ਰਗਟਾਈ ਹੈ ਕਿ ਜ਼ਿੰਦਗੀ ਦਾ ਉਹ ਸਮਾਂ ਜਿਸ ਅੰਦਰ ਸੰਸਾਰ-ਸਾਗਰ ਤੋਂ ਪਾਰ ਹੋਣ ਲਈ ਜਤਨ ਕਰਨਾ ਚਾਹੀਦਾ ਸੀ ਅਜਾਈਂ ਚਲਾ ਗਿਆ ਹੈ ਹੁਣ ਜਦੋਂ ਕਿ ਸੰਸਾਰ-ਰੂਪੀ ਸਮੁੰਦਰ ਠਾਠਾਂ ਮਾਰ ਰਿਹਾ ਹੈ ਅਤੇ ਇਸ ਨੂੰ ਪਾਰ ਕਰਨ ਹਿਤ ਬੇੜਾ ਵੀ ਨਹੀਂ ਬੰਧਾ । ਤਾਂ ਇਸ ਤੋਂ ਪਾਰ ਕਿਵੇਂ ਹੋਇਆ ਜਾਏਗਾ, ਇਸ ਗੱਲ ਦਾ ਖੌ ਬਣ ਰਿਹਾ ਹੈ ਹੁਣ ਕੀ ਬਣੇਗਾ ?

ਹੁਣ ਤਾਂ ਇਹੋ ਅੰਦੇਸ਼ਾ ਹੈ ਕਿ :

ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ॥ (ਪੰਨਾ ੭੯੪)

ਫਰੀਦ ਜੀ ਜੈਸੇ ਨਿਰਾਸ ਹੋ ਚੁੱਕੇ ਹਿਰਦਿਆਂ ਨੂੰ ਢਾਰਸ ਬੰਨ੍ਹਾਉਣੀ ਜ਼ਰੂਰੀ ਜਾਣਦੇ ਹੋਇ ਗੁਰੂ ਨਾਨਕ ਦੇਵ ਜੀ ਨੇ ਫਰੀਦ ਜੀ ਦੇ ਉਕਤ ਵਿਚਾਰ ਦਾ ਉੱਤਰ ਸੂਹੀ ਰਾਗ ਅੰਦਰ ਹੇਠਾਂ ਲਿਖੇ ਅਨੁਸਾਰ ਦਿੱਤਾ ਹੈ :

ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ॥
ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ॥
ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ ਸਦ ਰੰਗ ਢੋਲਾ॥ ੧॥ ਰਹਾਉ॥
ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ॥
ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ॥ ॥੨॥

*(ਪੰਨਾ ੭੨੯)*

ਫਰੀਦ ਜੀ ਨੇ ਸਮੇਂ ਸਿਰ ਬੇੜਾ ਨਾ ਬੱਧੇ ਹੋਣ ਅਤੇ ਉਛਲਦੇ ਸਾਗਰ ਦੇ ਦ੍ਰਿਸ਼ ਦੁਆਰਾ ਜੋ ਨਿਰਾਸਤਾ ਦਰਸਾਈ ਸੀ ਉਸ ਨੂੰ ਦੂਰ ਕਰਨ ਲਈ ਗੁਰੂ ਜੀ ਪੱਕੇ ਮੰਜੀਠੜੇ ਰੰਗੇ ਨਾਮ ਦਾ ਚੋਲਾ ਪਹਿਨਣਾ ਅਤੇ ਗੁਣਾਂ ਦੀ ਹੀ ਗਠੜੀ ਨਾਲ ਲੈ ਜਾਣ ਦਾ ਰਸਤਾ ਵਿਖਾ ਕੇ ਉਛਲਦੇ ਸਾਗਰ ਤੋਂ ਸਹਿਜੇ ਹੀ ਪਾਰ ਹੋ ਜਾਣ ਲਈ ਨਿਰਾਸਤਾ ਨੂੰ ਆਸ ਵਿਚ ਬਦਲ ਲੈਣ ਦੀ ਵਿਧੀ ਦਸਦੇ ਹਨ ।

ਪਰੰਤੂ ਫਰੀਦ ਜੀ ਦੀ ਨਿਰਸਤਾ ਵਾਲੀ ਦਸ਼ਾ ਨੂੰ ਆਸ ਵਿੱਚ ਬਦਲ ਲੈਣ ਅਤੇ :

ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥ (ਪੰਨਾ ੭੯੪)

ਦੀ ਹਾਲਤ ਵਿਚ ਨਿਰਾਸ ਨਾ ਹੋਣ ਦਾ ਵੱਡਾ ਸਹਾਰਾ ਉਨ੍ਹਾਂ ਦਾ ਆਪਣੇ ਪ੍ਰੀਤਮ ਨਾਲ ਕਦੀ ਨਾ ਟੁੱਟਣ ਵਾਲਾ 'ਨੇਹੁੰ' (ਪਿਆਰ) ਅਤੇ ਭਰੋਸਾ ਸੀ ਅਤਿ ਦੀਆ ਮੁਸ਼ਕਲਾਂ ਵੀ ਉਨ੍ਹਾਂ ਦੇ ਪਿਆਰ ਵਿਚ ਰੋਕ ਨਹੀਂ ਪਾ ਸਕਦੀਆਂ ਜਿਸ ਦਾ ਨਿਰਣਾ ਉਨ੍ਹਾਂ ਨੇ ਆਪਣੇ ਇਕ ਸਲੋਕ ਵਿਚ ਇਉਂ ਦਿੱਤਾ ਹੈ :

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥
ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ॥
ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ॥

*(ਪੰਨਾ ੧੩੭੯)*

ਪਿਆਰੇ ਦਾ ਘਰ ਬੜੀ ਦੂਰ ਹੈ ਤੇ ਰਸਤੇ ਦੀਆਂ ਗਲੀਆਂ ਵਿੱਚੋਂ ਲੰਘਣਾ ਹੈ ਉਹ ਮੀਂਹ ਵਸਦੇ ਹੋਣ ਕਾਰਨ ਚਿੱਕੜ ਹੋਈਆਂ ਪਈਆਂ ਹਨ ਨਾ ਵਰਖਾ ਬੰਦ ਹੁੰਦੀ ਦਿਸਦੀ ਹੈ। ਜੇ ਮੈਂ ਪਿਆਰੇ ਦੇ ਘਰ ਜਾਣ ਦਾ ਹੌਂਸਲਾ ਕਰਦਾ ਵੀ ਹਾਂ ਤਾਂ ਮੇਰੀ ਕੰਬਲੀ ਭਿੱਜ ਜਾਣ ਦਾ ਡਰ ਮੈਨੂੰ ਮਾਰਦਾ ਹੈ ਅਤੇ ਨਾ ਜਾਵਾਂ ਤਾਂ ਪਿਆਰੇ ਦੇ ਪਿਆਰ ਵਿਚ ਨਾਗਾ ਵੀ ਪੈਂਦਾ ਹੈ ਹੁਣ ਮੈਂ ਕੀ ਕਰਾਂ ? ਫਰੀਦ ਜੀ ਹਾਲਾਂ ਇਸ ਸੋਚ ਵਿੱਚ ਹਨ ਕਿ ਅੰਦਰੋਂ ਆਵਾਜ਼ ਆਉਂਦੀ ਹੈ ਕਿ ਕੀ ਹੋਇਆ ਜੇ ਕੰਬਲੀ ਭਿੱਜ ਗਈ ਅਤੇ ਵਸਦੇ ਮੀਂਹ ਕਾਰਨ ਗਲੀਆਂ ਦਾ ਚਿੱਕੜ ਵੀ ਉਵੇਂ ਹੀ ਬਣਿਆ ਰਿਹਾ ਮੇਰੇ ਨਾ ਜਾਣ ਨਾਲ ਮੇਰੀ ਮੁਹੱਬਤ ਵਿਚ ਫਰਕ ਪਵੇਗਾ ਇਸ ਲਈ ਮੇਰਾ ਜਾਣਾ ਹੀ ਬਣਦਾ ਹੈ ਤਾਂ ਕਿ ਪਿਆਰੇ ਨਾਲ ਮੇਰੀ ਰਹਿ ਬਣ ਆਵੇ ।

ਫਰੀਦ ਜੀ ਦੀ ਬਾਣੀ ਵਿੱਚੋਂ ਇਸ ਲੇਖ ਅੰਦਰ ਦਰਜ ਸਾਰੇ ਪਰਮਾਣ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਉਨ੍ਹਾਂ ਦੇ ਹਿਰਦੇ ਅੰਦਰ ਆਪਣੇ ਮਹਿਬੂਬ ਅਲਹ ਦੇ ਮਿਲਣ ਦੀ ਡੂੰਘੀ ਤੜਪ ਸੀ। ਇਹੋ ਤੜਪ ਉਨ੍ਹਾਂ ਦੀ ਸਾਰੀ ਰਚਨਾ ਦਾ ਮੁੱਖ ਵਿਸ਼ਾ ਹਮੇਸ਼ਾਂ ਬਣਿਆ ਰਿਹਾ ।

*ਧੰਨਵਾਦ ਸਹਿਤ*
*ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ।*

* * *